# ਟੈਟਨਸ, ਡਿਪਥੇਰੀਆ ਅਤੇ ਪੋਲੀਓ (Td Polio) ਦਾ ਟੀਕਾ

ਦਵਾਈਆਂ (ਜਾਂ ਟੀਕੇ ਜਾਂ ਬੱਚਿਆਂ ਦੇ ਟੀਕੇ) ਖਤਰਨਾਕ ਬਿਮਾਰੀਆਂ ਤੋਂ ਬਚਾਉਣ ਲਈ ਸਭ ਤੋਂ ਵੱਧ ਜ਼ਰੂਰੀ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ (National Advisory Committee on Immunization) ਇਹ ਬਹੁਤ ਜ਼ਰੂਰੀ ਸਮਝਦੀ ਹੈ ਕਿ ਬਿਮਾਰੀਆਂ ਦੀ ਰੋਕਥਾਮ ਲਈ ਇਹ ਟੀਕੇ ਨਿਯਮ ਨਾਲ ਲਗਾਉਣੇ ਚਾਹੀਦੇ ਹਨ।

ਟੀ ਡੀ ਪੋਲੀਓ (Td Polio) ਇਕ ਵਿਚ ਤਿੰਨ ਦਵਾਈਆਂ ਦਾ ਟੀਕਾ ਹੈ। ਇਹ ਲੋਕਾਂ ਨੂੰ ਟੈਟਨਸ, ਡਿਪਥੇਰੀਆ ਅਤੇ ਪੋਲੀਓ ਤੋਂ ਬਚਾਉਂਦਾ ਹੈ। ਇਹ ਸਤ ਸਾਲ ਜਾਂ ਉਸ ਤੋਂ ਵੱਧ ਦੀ ਉਮਰ ਵਾਲਿਆਂ ਵਿਅਕਤੀਆਂ ਲਈ ਹੈ। ਆਨਟੇਰਿਓ ਵਿਚ ਸਕੂਲ ਜਾਣ ਵਾਲੇ ਸਾਰੇ ਬੱਚਿਆਂ ਲਈ ਕਾਨੂੰਨਨ ਟੈਟਨਸ, ਡਿਪਥੇਰੀਆ ਅਤੇ ਪੋਲੀਓ ਦੇ ਟੀਕੇ ਲਗਵਾਣੇ ਜ਼ਰੂਰੀ ਹਨ (ਵਿਸ਼ੇਸ਼ ਛੋਟ ਤੋਂ ਬਿਨ੍ਹਾ)।

## ਟੈਟਨਸ (ਦੰਦਲ) ਕਿਸ ਨੂੰ ਆਖਦੇ ਹਨ?

ਟੈਟਨਸ ਇਕ ਗੰਭੀਰ ਬਿਮਾਰੀ ਹੈ। ਜੇਕਰ ਮਿੱਟੀ ਨਾਲ ਟੈਟਨਸ ਦੇ ਰੋਗਾਣੂ ਕਿਸੇ ਜ਼ਖ਼ਮ ਰਾਹੀ ਸ਼ਰੀਰ ਵਿਚ ਦਾਖਿਲ ਹੋ ਜਾਣ ਤਾਂ ਬਿਮਾਰੀ ਹੋ ਜਾਂਦੀ ਹੈ। ਟੈਟਨਸ ਦੇ ਰੋਗਾਣੂ ਹਰ ਜਗ੍ਹਾ ਹਨ, ਆਮ-ਤੌਰ ਤੇ ਮਿੱਟੀ, ਧੂੜ ਅਤੇ ਖਾਦ ਵਿਚ। ਇਹ ਇਕ ਵਿਅਕਤੀ ਤੋਂ ਦੂਸਰੇ ਵਿਅਕਤੀ ਵਿਚ ਨਹੀਂ ਜਾਂਦੇ। ਇਸ ਬਿਮਾਰੀ ਨਾਲ ਗਰਦਨ, ਬਾਹਾਂ, ਲੱਤਾਂ ਅਤੇ ਪੇਟ ਦੀਆਂ ਮਾਸਪੇਸ਼ੀਆਂ ਵਿਚ ਅਕੜਾਅ ਅਤੇ ਦਰਦ ਨਾਲ ਝੰਜੋੜਾ ਪੈਦਾ ਹੋ ਜਾਂਦੀ ਹੈ ਜੋ ਇਸ ਹੱਦ ਤਕ ਹੋ ਸਕਦੀ ਹੈ ਕਿ ਹੱਡੀਆਂ ਨੂੰ ਤੋੜ ਸਕਦੀ ਹੈ। ਇਸ ਦਾ ਇਲਾਜ ਛੇਤੀ ਸ਼ੁਰੂ ਕਰਨ ਦੇ ਬਾਵਜੂਦ ਵੀ ਇਸ ਬਿਮਾਰੀ ਦੇ ਸ਼ਿਕਾਰ ੧੦ ਵਿਅਕਤੀਆਂ ਵਿਚੋਂ ੨ ਦੀ ਮੌਤ ਹੋ ਜਾਂਦੀ ਹੈ।

## ਡਿਪਥੇਰੀਆ (ਗਲਘੋਟੂ) ਕਿਸ ਨੂੰ ਆਖਦੇ ਹਨ?

ਇਹ ਗਲੇ, ਨੱਕ ਅਤੇ ਚਮੜੀ ਦੀ ਇਕ ਗੰਭੀਰ ਬਿਮਾਰੀ ਹੈ। ਇਸ ਦੇ ਕਾਰਨ ਗਲਾ ਖਰਾਬ, ਬੁਖਾਰ ਅਤੇ ਕੰਬਣੀ ਛਿੜਦੀ ਹੈ। ਇਸ ਨਾਲ ਕਈ ਉਲਝਣਾਂ ਹਨ, ਜਿਵੇਂ ਸਾਹ ਦੀ ਤਕਲੀਫ, ਦਿਲ ਦਾ ਦੌਰਾ ਜਾਂ ਨਸਾਂ ਨੂੰ ਨੁਕਸਾਨ ਹੋ ਸਕਦਾ ਹੈ। ਇਸ ਰੋਗ ਦੇ ਸ਼ਿਕਾਰ ੧੦ ਵਿਅਕਤਿਆਂ ਵਿੱਚੋਂ ਤਕਰੀਬਨ ਇਕ ਦੀ ਮੌਤ ਹੋ ਸਕਦੀ ਹੈ। ਇਸ ਦੇ ਰੋਗਾਣੂ ਖੰਘ ਜਾਂ ਛਿੱਕਾਂ ਦੇ ਰਾਹੀ ਇਕ ਵਿਅਕਤੀ ਤੋਂ ਦੂਜੇ ਨੂੰ ਪਹੁੰਚ ਸਕਦੇ ਹਨ ਅਤੇ ਉਸ ਨੂੰ ਵੀ ਬਿਮਾਰੀ ਹੋ ਸਕਦੀ ਹੈ।

## ਪੋਲੀਓ ਕਿਸ ਨੂੰ ਆਖਦੇ ਹਨ?

ਪੋਲੀਓ ਇਕ ਗੰਭੀਰ ਬਿਮਾਰੀ ਹੈ ਜਿਸ ਦੇ ਰੋਗਾਣੂ ਖਾਣੇ ਜਾਂ ਪਾਣੀ ਨਾਲ ਸ਼ਰੀਰ ਵਿਚ ਦਾਖਿਲ ਹੋ ਜਾਣ ਤਾਂ ਇਹ ਬਿਮਾਰੀ ਹੋ ਜਾਂਦੀ ਹੈ। ਇਹ ਇਕ ਵਿਅਕਤੀ ਤੋਂ ਦੂਸਰੇ ਤਕ ਛੂਤ ਰਾਹੀਂ ਪਹੁੰਚ ਜਾਂਦੀ ਹੈ। ਇਸ ਬਿਮਾਰੀ ਨਾਲ ਨਸਾਂ ਨੂੰ ਨੁਕਸਾਨ ਹੋ ਕੇ ਸਾਰੀ ਉਮਰ ਲਈ ਲਕਵਾ ਹੋ ਸਕਦਾ ਹੈ। ਇਹ ਸਾਹ ਲੈਣ ਵਾਲੀਆਂ ਨਸਾਂ, ਬੋਲਣ, ਖਾਣ ਅਤੇ ਚਲਣ-ਫਿਰਣ ਵਾਲੀਆਂ ਨਸਾਂ ਨੂੰ ਗਤੀਹੀਣ ਕਰ ਸਕਦਾ ਹੈ। ਇਸ ਨਾਲ ਮੌਤ ਵੀ ਹੋ ਸਕਦੀ ਹੈ।

## ਟੀ ਡੀ ਪੋਲੀਓ (Td Polio) ਦੀ ਦਵਾਈ ਨਾਲ ਕਿਸ ਹੱਦ ਤਕ ਬਚਾਓ ਹੁੰਦਾ ਹੈ?

ਜਦੋਂ ਟੀ ਡੀ ਪੋਲੀਓ (Td Polio) ਦੇ ਟੀਕੇ ਦਸੀ ਗਈ ਮਾਤਰਾ ਅਨੁਸਾਰ ਲਗਦੇ ਹਨ ਤਾਂ ਇਹ ਕਰੀਬਨ ੧੦੦% ਲੋਕਾਂ ਦਾ ਟੈਟਨਸ ਤੋਂ, ੯੫% ਦਾ ਡਿਪਥੇਰੀਆ ਤੋਂ ਅਤੇ ੯੯% ਦਾ ਪੋਲੀਓ ਤੋਂ ਬਚਾਓ ਕਰਦੇ ਹਨ। ਜੇਕਰ ਇਨ੍ਹਾਂ ਟੀਕਿਆਂ ਦੇ ਬਾਵਜੂਦ ਕਿਸੇ ਨੂੰ ਇਹ ਬਿਮਾਰੀਆਂ ਹੋ ਜਾਂਦੀਆਂ ਹਨ, ਤਾਂ ਉਨ੍ਹਾਂ ਦਾ ਅਸਰ ਹਲਕਾ ਹੁੰਦਾ ਹੈ।

## ਮੈਨੂੰ ਟੀ ਡੀ ਪੋਲੀਓ (Td Polio) ਦੀ ਦਵਾਈ ਦੇ ਟੀਕੇ ਕਦੋਂ ਲਗਵਾਣੇ ਚਾਹੀਦੇ ਹਨ?

ਟੀ ਡੀ ਪੋਲੀਓ (Td Polio) ਦੇ ਟੀਕੇ ੭ ਸਾਲ ਜਾਂ ਉਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਲਗਾਏ ਜਾਂਦੇ ਹਨ। ਇਹ ਉਨ੍ਹਾਂ ਦਾ ਟੈਟਨਸ, ਡਿਪਥੇਰੀਆ ਅਤੇ ਪੋਲੀਓ ਤੋਂ ਬਚਾਓ ਕਰਦੇ ਹਨ। ਟੈਟਨਸ, ਡਿਪਥੇਰੀਆ ਅਤੇ ਪੋਲੀਓ ਲਈ ਇਕ ਬੂਸਟਰ ਟੀਕਾ ੧੫ ਸਾਲ ਦੀ ਉਮਰ ਵਿਚ ਦਿਤਾ ਜਾਂਦਾ ਹੈ। ਇਸ ਤੋਂ ਬਾਦ ਲਗਾਤਾਰ ਟੈਟਨਸ ਤੇ ਡਿਪਥੇਰੀਆ ਦਾ ਟੀਕਾ ਪ੍ਰਤੀ ੧੦ ਸਾਲ ਬਾਦ ਲਗਵਾਣਾ ਚਾਹੀਦਾ ਹੈ, ਇਸ ਨਾਲ ਸਦਾ ਲਈ ਇਨ੍ਹਾਂ ਤੋਂ ਬਚਾਓ ਹੋ ਸਕਦਾ ਹੈ।

## ਟੀ ਡੀ ਪੋਲੀਓ (Td Polio) ਦੇ ਟੀਕੇ ਸੁਰੱਖਿਅਤ ਹਨ?

ਜੀ ਹਾਂ। ਆਮ ਤੌਰ ਤੇ ਇਸ ਦੇ ਕਾਰਨ ਕੋਈ ਗੰਭੀਰ ਬੁਰੇ ਅਸਰ ਨਹੀਂ ਹੁੰਦੇ। ਜਿਥੇ ਟੀਕਾ ਲਗਾਂਦੇ ਹਨ ਉਸ ਥਾਂ ਤੇ ਲਾਲੀ, ਸੋਜ ਜਾਂ ਦਰਦ ਹੋ ਸਕਦੀ ਹੈ। ਕੁਛ ਲੋਕਾਂ ਨੂੰ ਬੁਖਾਰ ਹੋ ਜਾਂਦਾ ਹੈ, ਟੀਕੇ ਵਾਲੀ ਥਾਂ ਤੇ ਲਾਲੀ ਹੋ ਜਾਂਦੀ ਹੈ ਅਤੇ ਟੀਕੇ ਲਗਾਣ ਤੋਂ ਬਾਦ ਇਕ ਜਾਂ ਦੋ ਦਿਨ ਲਈ ਉਨ੍ਹਾਂ ਨੂੰ ਭੁੱਖ ਨਹੀਂ ਲਗਦੀ, ਉਹ ਚਿੱੜ-ਚਿੜੇ ਜਾਂ ਥੱਕੇ-ਥੱਕੇ ਹੋ ਸਕਦੇ ਹਨ। ਜਿਸ ਬੱਚੇ ਨੂੰ ਇਹ ਦਵਾਈ ਦਿਤੀ ਗਈ ਹੈ ਉਸ ਤੋਂ ਛੂਤ ਲਗ ਕੇ ਕਿਸੇ ਗਰਭਵਤੀ ਔਰਤ ਜਾਂ ਕਿਸੇ ਹੋਰ ਵਿਅਕਤੀ ਨੂੰ ਰੋਗ ਸੰਚਾਰ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ। **ਕਿਸੇ ਵੀ ਦਵਾਈ ਦੇ ਲਾਭ ਅਤੇ ਨੁਕਸਾਨ ਕੀ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਸਲਾਹ ਕਰੋ।**

## ਮੈਂ ਆਪਣੇ ਡਾਕਟਰ ਨਾਲ ਕਦੋਂ ਸੰਪਰਕ ਕਰਾਂ?

ਜੇਕਰ ਟੀਕਾ ਲਗਵਾਉਣ ਤੋਂ ਬਾਦ ਤਿੰਨ ਦਿਨ ਦੇ ਵਿਚ ਤੁਹਾਨੂੰ ਹੇਠ ਲਿਖੇ ਵਿੱਚੋਂ ਕੋਈ ਅਸਰ ਰਹਿੰਦਾ ਹੈ, ਤਾਂ ਤੁਸੀਂ ਆਪਣੇ ਡਾਕਟਰ ਨਾਲ ਸੰਪਰਕ ਕਰੋ:

- ਛਪਾਕੀ
- ਮੂੰਹ ਜਾਂ ਚੇਹਰੇ ਤੇ ਸੋਜ
- ਸਾਹ ਲੈਣ ਵਿਚ ਤਕਲੀਫ
- ਬਹੁਤ ਪੀਲਾ ਰੰਗ ਜਾਂ ਬਹੁਤ ਉਂਘਣਾ (ਸੁਸਤੀ, ਬੇਸੁਰਤੀ)
- ਤੇਜ਼ ਬੁਖਾਰ (੪੦ C ਜਾਂ ੧੦੪ F ਡਿਗਰੀ ਤੋਂ ਵੱਧ)

- ਮਰੋੜ ਜਾਂ ਦੌਰਾ ਪੈਣਾ
- ਕੋਈ ਹੋਰ ਗੰਭੀਰ ਸਮੱਸਿਆ।

## ਟੀ ਡੀ ਪੋਲੀਓ (Td Polio) ਕਿਸ ਨੂੰ ਨਹੀਂ ਲਗਵਾਉਣਾ ਚਾਹੀਦਾ?

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਹੇਠ ਲਿਖੇ ਵਿੱਚੋਂ ਕੋਈ ਤਕਲੀਫ ਹੈ ਤਾਂ ਤੁਹਾਡਾ ਡਾਕਟਰ ਇਹ ਟੀਕੇ ਲਗਵਾਉਣ ਤੋਂ ਮਨ੍ਹਾਂ ਕਰ ਸਕਦਾ ਹੈ:

- ਤੇਜ਼ ਬੁਖਾਰ ਜਾਂ ਗੰਭੀਰ ਛੂਤ, ਜੋ ਜ਼ੁਕਾਮ ਤੋਂ ਫਰਕ ਹੈ
- ਨਿਯੋਮਾਈਸਿਨ (neomycin) ਜਾਂ ਪੋਲੀਮਾਈਕਸਿਨ ਬੀ (polymyxin B) ਨਾਮ ਦੀਆਂ ਰੋਗਾਣੂਨਾਸਕ (antibiotic) ਦਵਾਈਆਂ ਤੋਂ ਗੰਭੀਰ ਅਲਰਜੀ
- ਇਸ ਦਵਾਈ ਨਾਲ ਇਕ ਗੰਭੀਰ ਅਲਰਜੀ ਜਿਸ ਨੂੰ ਐਨਾਫਿਲੈਕਸਿਸ (anaphylaxis) ਆਖਦੇ ਹਨ
- ਛੂਤ ਰੋਕਣ ਦੇ ਇਨ੍ਹਾਂ ਟੀਕਿਆਂ ਨਾਲ ਕੋਈ ਗੰਭੀਰ ਅਲਰਜੀ।

## ਜੇ ਮੈਨੂੰ ਟੀ ਡੀ ਪੋਲੀਓ (Td Polio) ਦੀ ਦਵਾਈ ਬਾਰੇ ਕੁਛ ਹੋਰ ਜਾਣਕਾਰੀ ਚਾਹੀਦੀ ਹੋਵੇ ਤਾਂ ਮੈਨੂੰ ਕਿਸ ਨਾਲ ਗਲ ਕਰਨੀ ਚਾਹੀਦੀ ਹੈ?

ਆਪਣੇ ਪਰਿਵਾਰਿਕ ਡਾਕਟਰ ਜਾਂ ਸਥਾਨਕ ਸੇਹਤ ਸੇਵਾ ਕੇਂਦਰ ਨਾਲ ਸੰਪਰਕ ਕਰਕੇ ਵਧੇਰੇ ਜਾਣਕਾਰੀ ਲਓ।

## ਇਨ੍ਹਾਂ ਟੀਕਿਆਂ ਦਾ ਰਿਕਾਰਡ

ਬਿਮਾਰੀਆਂ ਦੀ ਰੋਕਥਾਮ ਲਈ ਲਗਦੇ ਟੀਕਿਆਂ ਦਾ ਰਿਕਾਰਡ ਰਖਣ ਲਈ ਇਕ "ਪੀਲਾ ਕਾਰਡ" (Immunization Record Card) ਹੁੰਦਾ ਹੈ। ਜਦੋਂ ਵੀ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਕੋਈ ਨਵਾਂ ਟੀਕਾ ਲਗਦਾ ਹੈ ਤਾਂ ਉਹ ਇਸ ਕਾਰਡ ਤੇ ਦਰਜ ਕਰ ਦੇਣਾ ਚਾਹੀਦਾ ਹੈ, ਆਪਣੇ ਡਾਕਟਰ ਤੋਂ ਇਹ ਜ਼ਰੂਰ ਕਰਵਾਉ। ਜਦੋਂ ਤੁਸੀਂ ਬੱਚੇ ਨੂੰ ਸਕੂਲ ਵਿਚ ਦਾਖਿਲ ਕਰਵਾਉਣਾ ਹੈ ਤਾਂ ਤੁਹਾਡੇ ਸਥਾਨਕ ਸੇਹਤ ਵਿਭਾਗ ਨੂੰ ਇਸ ਰਿਕਾਰਡ ਦੀ ਲੋੜ ਪਵੇਗੀ। ਇਸ ਨੂੰ ਕਿਸੇ ਸੁਰੱਖਿਅਤ ਸਥਾਨ ਤੇ ਸੰਭਾਲ ਕੇ ਰਖੋ!